**CLASS : 12th** (Sr. Secondary) **Code No. 4332**

**Series : SS-M/2019**

*ਰੋਲ ਨੰ.* | | | | | | | | | | |

***SET : A***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਅਰਾਮ ਨਹੀਂ ਬਹਿੰਦੇ
ਨਿਹੁੰ ਵਾਲੇ ਨੈਣਾਂ ਦੀ ਨੀਂਦਰ ?
ਓ ਦਿਨੇ ਰਾਤ ਪਏ ਵਹਿੰਦੇ।
ਇੱਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ --
ਵਸਲੋਂ ਉਰੇ ਮੁਕਾਮ ਨ ਕੋਈ,
ਸੋ ਚਾਲ ਪਏ ਨਿਤ ਰਹਿੰਦੇ।

(ਅ) ਕਚੀ ਕੰਧ ਮੁਹੱਬਤ ਵਾਲੀ
ਲਿੰਬਿਆ ਅਤੇ ਪੋਚਿਆ ਮੱਥਾ
ਫਿਰ ਵੀ ਇਸ ਦੀ ਵੱਖੀ ਵਿਚੋਂ
ਰਾਤੀ ਇੱਕ ਖਰੇਪੜ ਲੇਥਾ
ਅਸਲੋਂ ਜਿਵੇਂ ਮੁਘਾਰ ਹੋ ਗਿਆ
ਕੰਧ ਦੇ ਉਤੇ ਦਾਗ ਪੈ ਗਿਆ

**2.** ਹੇਠ ਲਿਖਿਆ ਕਵਿਤਾਵਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਤਾਜ ਮਹਲ

(ਅ) ਧੀ

(ੲ) ਚਿੜੀਆਂ ਦਾ ਚੰਬਾਂ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਜਲ-ਕਣ ਕਵਿਤਾ ਦਾ ਕੇਂਦਰੀ ਭਾਵ ਕੀ ਹੈ? 2

(ਅ) ਫਨੀਅਰ, ਸ਼ੇਰ, ਬਘਿਆੜ ਕਿਸ ਵੱਖ-ਵੱਖ ਭੈ ਦੇ ਪ੍ਰਤੀਕ ਹਨ? (ਜੰਗਲ ਦੇ ਵਿੱਚ ਰਾਤ ਪਈ ਕਵਿਤਾ ਅਧਾਰ ਤੇ) 2

(ੲ) 'ਖੂਹ ਉਤੇ' ਕਵਿਤਾ ਵਿੱਚ ਕਿਸ ਪ੍ਰਕਾਰ ਦੀ ਜੀਵਨ ਦ੍ਰਿਸਟੀ ਹੈ? 1

(i) ਮੌਜਾ ਕਰਨ ਦੀ (ii) ਵਹਿਲੇ ਰਹਿਣ ਦੀ

(iii) ਅਯਾਸੀ ਦੀ (iv) ਨਿਸ਼ ਪ੍ਰਯੋਜਨ ਅਨੰਦ ਦੀ

(ਸ) ਊਸ਼ਾ ਕਵਿਤਾ ਕਿਸ ਦੀ ਰਚਨਾ ਹੈ : 1

(i) ਬਾਵਾ ਬਲਵੰਤ (ii) ਪ੍ਰੀਤਮ ਸਿੰਘ ਸ਼ਫੀਰ

(iii) ਪਾਸ (iv) ਅੰਮ੍ਰਿਤਾ ਪ੍ਰੀਤਮ

**4.** ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਕੌਮ ਲਈ ਕੁਰਬਾਨੀ

(ਅ) ਸਾਡੇ ਲੋਕਗੀਤ

(ੲ) ਸ਼ੀਸ਼ੇ ਸਾਹਮਣੇ

**5.** ਹੇਠ ਲਿਖੇ ਪ੍ਰਸ਼ਨਾਂ ਕੇ ਉੱਤਰ ਲਿਖੋ :

(ੳ) 'ਘਰ ਵਿੱਚ ਹੀ ਗੁਰਿਆਈ' ਲੇਖ ਦੇ ਅੰਤ ਵਿੱਚ ਲੇਖਕ ਕੀ ਸਿੱਟਾ ਕੱਢਦਾ ਹੈ? 3

(ਅ) ਲੇਖਕ ਨੇ ਯੂਰਪ ਦੀਆਂ ਜਮਾਤਾਂ ਦੇ ਸਭਿਆਚਾਰਕ ਪੱਧਰ ਬਾਰੇ ਕੀ ਦੱਸਿਆ ਹੈ (ਸਭਿਅਤਾ ਦੇ ਦੋ ਪੱਧਰ) 2

(ੲ) ਮਲਕ ਭਾਗੋ ਦੇ ਅੰਦਰ ਵਹਿਗੁਰੂ ਸ਼ਬਦ ਕਿਸ ਤਰ੍ਹਾਂ ਟਿਕਿਆ? 2

(ਸ) 'ਪਿਆਰ' ਨਾਮੀ ਨਿਬੰਧ ਕਿਸ ਦੀ ਰਚਨਾ ਹੈ? 1

(i) ਭਾਈ ਵੀਰ ਸਿੰਘ

(ii) ਪ੍ਰੋ. ਪੂਰਨ ਸਿੰਘ

(iii) ਅੰਮ੍ਰਿਤਾ ਪ੍ਰੀਤਮ

(iv) ਪ੍ਰੋ. ਮੋਹਨ ਸਿੰਘ

**6.** 'ਸ਼ੋਭਾ ਸਕਤੀ' ਨਾਟਕ ਦਾ ਵਿਸ਼ਾ ਵਸਤੂ ਕੀ ਹੈ? 7

**ਜਾਂ**

ਰਮੇਸ ਜਾਂ ਦੀਨ ਦਿਆਲ ਕਪੂਰ ਦਾ ਪਾਤਰ ਚਿੱਤਰਣ ਕਰੋ।

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਤੀਜਾ ਨਾਟ ਅਰੰਭ ਹੋਣ ਤੇ ਪਹਿਲੀ ਰਾਤ ਨੂੰ ਕੰਵਲ ਨੇ ਆਪਣੀ ਮਾਂ ਸ਼ੋਭਾ ਨੂੰ ਕੀ ਕਿਹਾ ਸੀ? (ਸ਼ੋਭਾ ਸਕਤੀ) 3

(ਅ) ਰਮੇਸ ਸ਼ੋਭਾ ਉੱਤੇ ਕੀ ਦੋਸ਼ ਲਾਉਦੀ ਹੈ? 2

(ੲ) ਤੀਜੇ ਨਾਟ ਦੇ ਅਰੰਭ ਸਮੇਂ ਸ਼ੋਭਾ ਕਿਹੋ ਜਿਹੀ ਵਿਖਾਈ ਦਿੰਦੀ ਹੈ? 2

(ਸ) ਨਾਟਕ ਦੇ ਪਹਿਲੇ ਅਤੇ ਤੀਸਰੇ ਨਾਟ ਵਿੱਚ ਕਿੰਨੇ ਸਾਲਾਂ ਦਾ ਅੰਤਰ ਹੈ? 1

(i) ਪੰਕਰਾਂ ਸਾਲ (ii) ਅਠਾਹਰਾਂ ਸਾਲ

(iii) ਵੀਹ ਸਾਲ (iv) ਚੌਦਾਂ ਸਾਲ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿੱਚੋ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਗੁਰੂ ਅਰਜਨ ਦੇਵ ਜੀ

(ਅ) ਦਮੋਦਰ

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ :

(i) ਸੰਤ ਕਵੀ ਕਿਸ ਨੂੰ ਕਿਹਾ ਜਾਂਦਾ ਹੈ? 1

(ੳ) ਭਾਈ ਵੀਰ ਸਿੰਘ (ਅ) ਪ੍ਰੋ. ਪੂਰਨ ਸਿੰਘ

(ੲ) ਪ੍ਰੋ. ਸਾਹਿਬ ਸਿੰਘ (ਸ) ਪ੍ਰੋ. ਮੋਹਨ ਸਿੰਘ

(ii) 'ਸਾਵੇ-ਪੱਤਰ' ਕਾਵਿ ਸੰਗ੍ਰਿਹ ਕਿਸ ਦੀ ਰਚਨਾ ਹੈ? 1

(ੳ) ਅੰਮ੍ਰਿਤਾ ਪ੍ਰੀਤਮ

(ਅ) ਪ੍ਰੋ. ਮੋਹਨ ਸਿੰਘ

(ੲ) ਭਾਈ ਵੀਰ ਸਿੰਘ

(ਸ) ਪ੍ਰੋ. ਪੂਰਨ ਸਿੰਘ

(iii) 'ਬਲਵੰਤ ਗਾਰਗੀ' ਨੇ ਸਾਹਿਤ ਦੇ ਕਿਸ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ ? 1

(ੳ) ਕਵਿਤਾ ਖੇਤਰ

(ਅ) ਕਹਾਣੀ ਖੇਤਰ

(ੲ) ਨਾਟਕ ਖੇਤਰ

(ਸ) ਵਾਰਤਕ ਖੇਤਰ

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇਕ ਵਾਕ*** ਵਿੱਚ ਲਿਖੋ : $1 \times 10 = 10$

(ੳ) ਪੰਜਾਬੀ ਵਿੱਚ ਜੌਹਨ ਕੀਟਸ ਦੀ ਉਪਾਧੀ ਕਿਸ ਲੇਖਕ ਨੂੰ ਮਿਲੀ ਹੈ।

(ਅ) ਸਭ ਤੋਂ ਪਹਿਲਾ ਕਾਫੀ ਕਾਵਿ ਰੂਪ ਦੀ ਵਰਤੋਂ ਕਿਸ ਸ਼ੂਫੀ ਕਵੀ ਨੇ ਕੀਤੀ ?

(ੲ) ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਸ ਨੂੰ ਕਿਹਾ ਜਾਂਦਾ ਹੈ ?

(ਸ) ਪ੍ਰੋ. ਪੂਰਨ ਸਿੰਘ ਦਾ ਜਨਮ ਕਦੋਂ ਹੋਇਆ ਸੀ ?

(ਹ) ਪ੍ਰੋ. ਮੋਹਨ ਸਿੰਘ ਦੇ ਮਹਾਕਾਵਿ ਦਾ ਨਾਂ ਦੱਸੋ ?

(ਕ) 'ਪਿਆਰ ਕਬਜਾ ਨਹੀ ਪਹਿਚਾਣ ਹੈ' ਦੇ ਸਿਧਾਂਤ ਦੇ ਅਧਾਰ ਤੇ ਕਿਸ ਲੇਖਕ ਨੇ ਲਿਖਿਆ ਹੈ ?

(ਖ) 'ਕਣਕ ਦੀ ਬੱਨੀ ਨਾਟਕ' ਕਿਸ ਦੀ ਰਚਨਾ ਹੈ ?

(ਗ) ਪ੍ਰਿੰ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਕੀ ਹੈ ?

(ਘ) 'ਹਿੰਦ ਦੀ ਚਾਦਰ' ਨਾਟਕ ਦੇ ਲੇਖਕ ਦਾ ਨਾਂ ਦੱਸੋਂ।

(ਙ) ਅਜੀਤ ਕੌਰ ਦਾ ਜਨਮ ਕਦੋਂ ਹੋਇਆ ?

**11.** ਹੇਠ ਲਿਖਿਆ ਸਿੱਖਿਆਵਾਂ ਵਿੱਚੋ ਕਿਸੇ ***ਇੱਕ*** ਸਿੱਖਿਆ ਤੇ ਅਧਾਰਿਤ ਕਹਾਣੀ ਲਿਖੋ : 5

(ੳ) ਸਹਿਜ ਪੱਕੇ ਸੋ ਮੀਠਾ ਹੋਏ

(ਅ) ਜਿਥੇ ਚਾਹ ਉਥੇ ਰਾਹ

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਢੁਕਵੇਂ ਸਿਰਲੇਖ ਸਹਿਤ ਲਿਖੋ : 5

ਬੱਚੇ ਨੂੰ ਮਰਯਾਦਾ ਦਾ ਸਬਕ ਦੇਣਾ ਬੜੀ ਸਿਆਣਪ ਮੰਗਦਾ ਹੈ। ਬੱਚੇ ਦੀ ਫਿਤਰਤ ਮਰਯਾਦਾ ਦੇ ਵਿਰੁੱਧ ਹੁੰਦੀ ਹੈ। ਜਦੋਂ ਮਾਪੇ ਉਸ ਦੀ ਫਿਤਰਤ ਦੇ ਵਿਰੁੱਧ ਬੇ-ਮੇਚੀ ਸਿਖਿਆ ਦਿੰਦੇ ਹਨ, ਤਾਂ ਬੱਚੇ ਝੂਠ ਬੋਲਣ, ਚੋਰੀ ਕਰਨ, ਚੀਜਾ ਲੁਕਾਉਣ, ਤੋੜਨ ਤੇ ਗਵਾਉਣ ਦੀ ਰੁਚੀ ਬਗਾਵਤ ਦੇ ਤੌਰ ਉੱਤੇ ਜਾਗਦੀ ਹੈ। ਸਿਆਣੇ ਮਾਪੇ ਇਸ ਰੁਚੀ ਨੂੰ ਤਾੜਦੇ ਰਹਿੰਦੇ ਹਨ ਤੇ ਇਹੋ ਜਿਹੇ ਤਰੀਕੇ ਨਾਲ ਮਰਯਾਦਾ ਸਿਖਾਉਦੇਂ ਹਨ ਕਿ ਉਹ ਬਾਗੀ ਨਾ ਹੋ ਜਾਵੇ। ਇਨਸਾਨ ਦਾ ਬੱਚਾ ਵੀ ਸੁਰੂ ਵਿੱਚ ਨਿਰਾ ਵਹਿਸੀ ਹੁੰਦਾ ਹੈ। ਕੁੱਤਿਆ, ਬਿੱਲਿਆ, ਸ਼ੇਰਾਂ, ਚਿਤਿਆ ਨੂੰ ਹੌਲੀ ਹੌਲੀ ਸਿਆਣਪ ਨਾਲ ਮਰਯਾਦਾ ਸਿਖਾਈ ਜਾਂਦੀ ਜਾ ਸਕਦੀ ਹੈ। ਹੂ-ਬ-ਹੂ ਉਸੇ ਤਰ੍ਹਾਂ ਇਨਸਾਨ ਦੇ ਬੱਚੇ ਨਾਲ ਕਰਨਾ ਜਰੂਰੀ ਹੈ। ਬੱਚਾ ਵੀ ਹਰ ਬੰਧਨ, ਮਰਯਾਦਾ ਦੇ ਸੁਭਾਵਿਕ ਖਿਲਾਫ਼ ਹੁੰਦਾ ਹੈ। ਇਸ ਦੀ ਵਹਿਸ਼ਤ ਦਾ ਸਤਿਕਾਰ ਕਰਦੇ ਬੜੇ ਸਬਰ ਨਾਲ ਵਾਰ-ਵਾਰ ਕੋਸ਼ਿਸ ਕਰ ਕੇ ਹੀ ਮਰਯਾਦਾ ਸਿਖਾਈ ਜਾ ਸਕਦੀ ਹੈ।

**CLASS : 12th (Sr. Secondary)** **Code No. 4332**

**Series : SS-M/2019**

ਰੋਲ ਨੰ. | | | | | | | | | | |

**SET : B**

# ਪੰਜਾਬੀ

## PUNJABI

### *ACADEMIC/OPEN*

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਵਿਸ਼ਵ-ਜੋਤ ਦੇ ਖਿਲਾਰ,
ਦਿਨ ਰਾਤ ਦੇ ਪਿਆਰ,
ਚੰਦ ਤਾਰਿਆਂ ਦੇ ਰਸ 'ਚ ਘੁਲ ਰਹੇ ਹਜ਼ਾਰ ਰੰਗ
ਸ਼ਿਵ-ਅਕਾਸ ਦੇ ਮਹਾਨ ਨੇਤਰਾਂ 'ਚੋ ਵਗਦੀ ਗੰਗ
ਹੇ ਚਿੰਤਨ, ਹੇ ਊਸੇ, ਹੇ ਸੂਰਜ ਦੇ ਰਥ ਸਵਾਰ,
ਮੇਟ ਮੇਰੇ ਅੰਧਕਾਰ

(ਅ) ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ,
ਉੱਗੀ ਵਿੱਚ ਜੋ ਬੇਲੇ।
ਨਾ ਕੋਈ ਮੇਰੀ ਛਾਵੇ ਬੈਠੇ,
ਨਾ ਪੱਤ ਖਾਵਣ ਲੇਲੇ।
ਮੈਂ ਰਾਜੇ ਦੀ ਬਰਦੀ ਅੜਿਆ,
ਤੂੰ ਰਾਜੇ ਦਾ ਜਾਇਆ,
ਤੂੰ ਹੀਓ ਦੱਸ ਵੇ ਮੋਹਰਾਂ ਸਾਹਵੇ
ਮੁੱਲ ਕੀ ਖੋਵਣ ਧੇਲੇ ?

**2.** ਹੇਠ ਲਿਖਿਆ ਕਵਿਤਾਵਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਮੇਰਾ ਬਚਪਨ

(ਅ) ਮੇਰਾ ਪਤਾ

(ੲ) ਹੁਣ ਘਰਾਂ ਨੂੰ ਪਰਤਣਾ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਰਾਧਾ ਸੰਦੇਸ਼' ਕਵਿਤਾ ਦਾ ਕੇਂਦਰੀ ਭਾਵ ਕੀ ਹੈ? 2

(ਅ) ਸੰਦ ਅਤੇ ਹਥਿਆਰ ਵਿੱਚ ਕੀ ਫਰਕ ਹੈ? 2

(ੲ) ਜਾਇਦਾਦ ਕਵਿਤਾ ਵਿੱਚ ਜਾਇਦਾਦ ਕਿਸ ਨੂੰ ਕਿਹਾ ਗਿਆ ਹੈ? 1

(i) ਪ੍ਰੇਮਿਕਾ ਨੂੰ

(ii) ਪਤਨੀ ਨੂੰ/ਵਿਆਹੀ ਇਸਤਰੀ ਨੂੰ

(iii) ਵਿਧਵਾ ਨੂੰ

(iv) ਦਾਸੀ ਨੂੰ

(ਸ) 'ਜਲ-ਕਣ' ਕਵਿਤਾ ਵਿੱਚ ਜਲ-ਕਣ ਕਿਸ ਦਾ ਪ੍ਰਤੀਕ ਹਨ? 1

(i) ਵਰਤਮਾਨ ਮਨੁੱਖ ਦਾ (ii) ਅੰਮ੍ਰਿਤ ਦਾ

(iii) ਤ੍ਰੇਲ ਦਾ (iv) ਬੇ-ਵਿਸਵਾਸੀ ਦਾ

**4.** ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਠਾਣੇਦਾਰੀ

(ਅ) ਸਭਿਅਤਾ ਦੇ ਦੋ ਪੱਧਰ

(ੲ) ਸ਼ੀਸ਼ੇ ਸਾਹਮਣੇ

**5.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਲੇਮਾ ਝੀਲ ਦਾ ਨਜ਼ਾਰਾ ਕਿਹੋ ਜਿਹਾ ਸੀ। ਲੇਖਕ ਨੇ ਇਸ ਨਜਾਰੇ ਦਾ ਅਨੰਦ ਕਿੱਥੇ ਬੈਠ ਕੇ ਲਿਆ? 3

(ਅ) ਲੋਕਗੀਤਾਂ ਦੇ ਭੰਡਾਰ ਨੂੰ ਸੰਭਾਲਣ ਦੀ ਕਿਉਂ ਜਰੂਰਤ ਹੈ? 2

(ੲ) ਬੀਬੀ ਭਾਨੀ ਜੀ ਗੁਰੂ ਅਮਰਦਾਸ ਦੀ ਕਿਸ ਤਰ੍ਹਾਂ ਸੇਵਾ ਕਰਦੇ ਸਨ? 2

(ਸ) 'ਮਲਕ ਭਾਗੋ ਤੇ ਭਾਈ ਲਾਲੋ' ਨਾਮੀ ਸਾਖੀ ਕਿਸ ਦੀ ਰਚਨਾ ਹੈ? 1

(i) ਪ੍ਰੋ. ਪੂਰਨ ਸਿੰਘ

(ii) ਭਾਈ ਵੀਰ ਸਿੰਘ

(iii) ਪ੍ਰੋ. ਸਾਹਿਬ ਸਿੰਘ

(iv) ਭਾਈ ਗੁਰਦਾਸ ਜੀ

**6.** 'ਸ਼ੋਭਾ ਸ਼ਕਤੀ' ਨਾਟਕ ਦੇ ਦੂਸਰੇ ਨਾਟ ਦਾ ਸਾਰ ਲਿਖੋ : 7

**ਜਾਂ**

ਸੋਭਾ ਜਾਂ ਸਾਂਤੀ ਵਿੱਚੋ ਕਿਸੇ ***ਇੱਕ*** ਦਾ ਪਾਤਰ ਚਿੱਤਰਣ ਕਰੋ :

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਸ਼ੋਭਾ ਸ਼ਕਤੀ' ਨਾਟਕ ਦੇ ਪਹਿਲੇ ਨਾਟ ਦੀ ਮੁੱਖ ਘਟਨਾ ਕੀ ਹੈ? 3

(ਅ) ਰਮੇਸ ਸ਼ੋਭਾ ਉੱਤੇ ਕੀ ਦੋਸ਼ ਲਾਉਦਾ ਹੈ? 2

(ੲ) ਤੀਜੇ ਨਾਟ ਦੇ ਅਰੰਭ ਵਿੱਚ ਸ਼ੋਭਾ ਕਿਹੋ ਜੇਹੀ ਵਿਖਾਈ ਦਿੰਦੀ ਹੈ? 2

(ਸ) ਰੇਖਾ ਸ਼ੋਭਾ ਦੀ ਕੀ ਲਗਦੀ ਹੈ? 1

(i) ਧੀ (ii) ਸੱਸ

(iii) ਨੂੰਹ (iv) ਕੁੱਝ ਵੀ ਨਹੀਂ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿੱਚੋ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾ ਬਾਰੇ ਜਾਣਕਾਰੀ ਦਿਉ : 7

(ੳ) ਸ਼ੇਖ ਫਰੀਦ

(ਅ) ਅੰਮ੍ਰਿਤਾ ਪ੍ਰੀਤਮ

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਲਿਖੋ :

(i) ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਕਵੀ ਕੌਣ ਹਨ? 1

(ੳ) ਭਾਈ ਵੀਰ ਸਿੰਘ (ਅ) ਪ੍ਰੋ. ਪੂਰਨ ਸਿੰਘ

(ੲ) ਪ੍ਰੋ. ਮੋਹਨ ਸਿੰਘ (ਸ) ਪ੍ਰਿੰ. ਸੁਜਾਨ ਸਿੰਘ

(ii) ਬੁੱਲ੍ਹੇ ਸ਼ਾਹ ਦੇ ਮੁਰਸ਼ਦ ਦਾ ਨਾਂ ਕੀ ਸੀ? 1

(ੳ) ਖਵਾਜਾ ਕੁਤਬਦੀਨ ਬਖਤਿਆਰ ਕਾਕੀ

(ਅ) ਹਾਫ਼ਿਜ ਮੋਲਾ

(ੲ) ਇਨਾਇਤ ਸਾਹ ਕਾਦਰੀ

(ਸ) ਮੋਲਾ ਬਖੁਸ ਕੁਮਤਾ

(iii) ਜਪੁਜੀ/ਪੱਟੀ/ਸਿੱਧ ਗੋਸਟਿ, ਦੱਖਣੀ ਤੋ ਅੰਦਾਰ ਕਿਸ ਦੀਆਂ ਰਚਨਾਵਾਂ ਹਨ ? 1

(ੳ) ਗੁਰੂ ਰਾਮ ਦਾਸ ਜੀ

(ਅ) ਗੁਰੂ ਅਰਜ਼ਨ ਦੇਵ ਜੀ

(ੲ) ਗੁਰੂ ਨਾਨਕ ਦੇਵ ਜੀ

(ਸ) ਗੁਰੂ ਅੰਗਦ ਦੇਵ ਜੀ

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇੱਕ ਵਾਕ*** ਵਿੱਚ ਲਿਖੋ : $1 \times 10 = 10$

(ੳ) ਕਿਸ ਕਵੀ ਨੂੰ ਪੰਜਾਬੀ ਵਿੱਚ ਵਰਡਜਵਰਥ ਦੀ ਉਪਾਧੀ ਮਿਲੀ ਹੈ ?

(ਅ) ਪ੍ਰੋ. ਮੋਹਨ ਸਿੰਘ ਦਾ ਜਨਮ ਕਦੋਂ ਹੋਇਆ ?

(ੲ) ਪ੍ਰੋ. ਪੂਰਨ ਸਿੰਘ ਦੀ ਪੰਜਾਬੀ ਵਾਰਤਕ (ਲੇਖ) ਰਚਨਾ ਕਿਹੜੀ ਹੈ ?

(ਸ) ਅੰਮ੍ਰਿਤਾ ਪ੍ਰੀਤਮ ਨੂੰ ਕਿਸ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਹੋਈ ?

(ਹ) ਪ੍ਰਿੰ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਦੱਸੋ ?

(ਕ) ਗੁਰ ਬਖ਼ਸ ਸਿੰਘ ਨੇ ਕਿਹੜਾ ਰਸ਼ਾਲਾ (ਮੈਗਜੀਨ) ਕੱਢਿਆ ?

(ਖ) ਬਲਵੰਤ ਗਾਰਗੀ ਦੇ ਕਿਸੇ ਇੱਕ ਰੇਖਾ ਚਿੱਤਰ ਦਾ ਨਾਂ ਦੱਸੋ ?

(ਗ) ਕਰਤਾਰ ਸਿੰਘ ਦੁੱਗਲ ਦਾ ਜਨਮ ਕਦੋਂ ਹੋਇਆ ?

(ਘ) 'ਫਾਲਤੂ ਔਰਤ' ਕਹਾਣੀ ਸੰਗ੍ਰਹਿ ਕਿਸ ਦੀ ਰਚਨਾ ਹੈ ?

(ਙ) ਸੰਤ ਸਿੰਘ ਸੇਖੋ ਦਾ ਦੇਹਾਂਤ ਕਦੋਂ ਹੋਇਆ ?

**11.** ਹੇਠ ਲਿਖਿਆ ਸਿੱਖਿਆਵਾਂ ਵਿੱਚੋਂ ਕਿਸੇ ***ਇੱਕ*** ਸਿੱਖਿਆ ਤੇ ਅਧਾਰਿਤ ਕਹਾਣੀ ਲਿਖੋ : 5

(ੳ) ਸਹਿਜ ਪੱਕੇ ਸੋ ਮੀਠਾ ਹੋਏ

(ਅ) ਬੁਰੀ ਸੰਗਤ ਨਾਲੋ ਇੱਕਲਾ ਭਲਾ

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਢੁਕਵੇਂ ਸਿਰਲੇਖ ਸਹਿਤ ਲਿਖੋ : 5

ਬਹੁਤ ਸਾਰੇ ਵਹਿਮ ਸ਼ਗਨਾ-ਅਪਸ਼ਗਨਾਂ ਦੇ ਹਨ, ਜਿਨ੍ਹਾਂ ਦਾ ਸੰਬੰਧ ਸਫ਼ਰ ਨਾਲ ਖਾਸ ਹੈ। ਪੁਰਾਣੇ ਵਕਤਾਂ ਵਿੱਚ ਰੇਲਾਂ ਨਹੀਂ ਸਨ, ਨਾ ਹੀ ਕੋਈ ਸਾਫ ਪੱਧਰੀਆਂ ਸੜਕਾਂ ਸਨ। ਇਸ ਲਈ ਸਫ਼ਰ ਬੜਾ ਖਤਰਨਾਕ ਹੁੰਦਾ ਸੀ। ਚੱਲਣ ਲੱਗਿਆ ਹਜਾਰਾ ਤਰ੍ਹਾਂ ਦੀਆਂ ਚੌਕਸੀਆਂ ਕਰਨੀਆਂ ਪੈਦੀਆ ਸਨ। ਸੱਜੇ ਖੱਬੇ ਤੱਕ ਕੇ ਤੁਰਨਾ ਪੈਂਦਾ ਸੀ। ਜੇ ਰਾਧਾ ਖੱਬੇ ਪਾਸੇ ਹੀਂਗੇ ਜਾ ਭਾਰ ਨਾਲ ਲੱਦਿਆ ਮਿਲੇ ਤਾ ਚੰਗਾ। ਜੇ ਉੱਤਰ ਖੱਬੇ ਪਾਸੇ ਬੋਲੇ ਤਾਂ ਮਾੜਾ। ਜੇ ਹਿਰਨਾਂ ਦੀ ਡਾਰ ਖੱਬੇ ਪਾਸੇ ਜਾਂਦੀ ਮਿਲੇ ਤਾਂ ਮਾੜੀ, ਗਿੱਦੜ ਸੱਜੇ ਪਾਸੇ ਦਿਸੇ ਤਾਂ ਚੰਗਾ, ਦੋ ਮਿਲਣ ਤਾਂ ਹੋਰ ਵੀ ਚੰਗਾ। ਕਈ ਵਹਿਮ ਸ਼ਿਕਾਰੀ ਲੋਕਾਂ ਦੇ ਵੀ ਹਨ। ਕਹਿੰਦੇ ਹਨ ਕਿ ਜਨੌਰਾਂ ਵਿੱਚੋਂ ਸਭ ਤੋਂ ਪਹਿਲਾਂ ਘੋੜਾ ਪੈਦਾ ਹੋਇਆ, ਫੇਰ ਹਾਥੀ, ਇਸ ਲਈ ਇਨ੍ਹਾਂ ਤੋ ਕੋਈ ਬਦਸ਼ਗਨੀ ਨਹੀ ਮੰਨਦੇ। ਇਹ ਆਪਣੇ ਮਾਲਕ ਨੂੰ ਅਗੇਤਰੇ ਹੀ ਖਤਰੇ ਦਾ ਪਤਾ ਦਿੰਦੇ ਹਨ। ਜੇ ਘੋੜਾ ਨੱਚਦਾ-ਟੱਪਦਾ ਮਿਲੇ ਤਾਂ ਬਹੁਤ ਚੰਗਾ ਮੰਨਦੇ ਹਨ। ਘੋੜਾ ਖਰੀਦਣ ਜਾਈਏ ਤਾਂ ਵੀ ਇਹ ਕੰਨ ਸਿਰ ਹਿਲਾ ਕੇ ਜਾ ਖੁਰ ਮਾਰ ਕੇ ਦੱਸ ਦਿੰਦਾ ਹੈ ਕਿ ਸੌਦਾ ਚੰਗਾ ਹੈ ਜਾ ਮੰਦਾ।

CLASS : 12th (Sr. Secondary) **Code No. 4332**

**Series : SS-M/2019**

ਰੋਲ ਨੰ. | | | | | | | | | | |

**SET : C**

# ਪੰਜਾਬੀ

## PUNJABI

***ACADEMIC/OPEN***

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਅਸੀਂ ਕਾਲਜਾ ਘੁੱਟ ਕੇ ਬਹਿ ਗਏ ਸਾਂ,
ਮੁੜ ਕੇ ਸੁੱਤੀਆਂ ਕਲਾਂ ਜਗਾਇਆ ਵੀ।
ਤੇਰੇ ਗਿਆਨ ਦੀ ਪੁੜੀ ਨਹੀਂ ਕਾਟ ਕਰਦੀ,
ਏਨ੍ਹਾਂ ਪੀੜਾਂ ਦੀਆਂ ਹੋਰ ਦਵਾਈਆਂ ਨੀ।
ਆਪ ਆਉਣ ਦੀ ਨਹੀਂ ਜੇ ਨੀਤ ਉਸਦੀ,
ਕਾਹਨੂੰ ਗੋਂਗਲੂ ਤੋਂ ਮਿੱਟੀ ਝਾੜਦਾ ਹੈ।
ਜੇਕਰ ਅੱਗ ਨੂੰ ਨਹੀਂ ਬਝਾਉਣ ਜੋਗਾ,
ਪਾ ਪਾ ਤੇਲ ਕਿਉਂ ਸੜਿਆ ਨੂੰ ਸਾੜਦਾ ਹੈ।

(ਅ) ਖਤ ਆਵੇਗਾ ਬਹੁਤ ਕੁਵੇਲੇ
ਧਰਤੀਆਂ ਲੰਮੀ ਛਾਂ ਦਾ ਖਤ
ਚੁਪ ਦੇ ਸਫ਼ਿਆ ਉਤੇ ਲਿਖਿਆ
ਉਜੜੀ ਸੁੰਨ ਸਰਾਂ ਦਾ ਖਤ
ਇਕ ਬੇਨਕਸ਼ ਖਿਲਾਅ ਦਾ ਲਿਖਿਆ
ਤੇਰੇ ਅਸਲੀ ਨਾਂ ਦਾ ਖਤ
ਲੋਕ ਕਹਿਣਗੇ ਕਬਰ ਦਾ ਖਤ
ਤੂੰ ਆਖੇਂਗਾ ਮਾਂ ਦਾ ਖਤ।

**2.** ਹੇਠ ਲਿਖਿਆ ਕਵਿਤਾਵਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਖੂਹ ਉੱਤੇ

(ਅ) ਲੂਣਾ

(ੲ) ਜੰਗਲ ਦੇ ਵਿੱਚ ਰਾਤ ਪਈ ਹੈ।

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਨਸਲ ਮਨੁੱਖੀ ਕੀੜੇ ਮਕੌੜੇ ਹੋ ਜਾਵੇਗੀ ਦੀ ਵਿਆਖਿਆ ਕਰੋ (ਕਵਿਤਾ ਪਦਮਾ ਦੇ ਅਧਾਰ ਤੇ) 2

(ਅ) 'ਚਿੜਿਆਂ ਦਾ ਚੰਬਾ' ਕਵਿਤਾ ਵਿੱਚ ਉਹ ਕਿਹੜੇ ਵੇਰਵੇ ਹਨ ਜੋ ਬਾਪ ਦੀ ਗਰੀਬੀ ਵਲ ਸੰਕੇਤ ਕਰਦੇ ਹਨ ? 2

(ੲ) ਕਵਿਤਾ 'ਦਾਗ' ਵਿੱਚ 'ਦਾਗ' ਕਿਸ ਦਾ ਪ੍ਰਤੀਕ ਹੈ ? 1

(i) ਨੇਕਨਾਮੀ ਦਾ

(ii) ਸਿਆਹੀ ਦਾ

(iii) ਨਾਜਾਇਜ ਔਲਾਦ ਦਾ

(iv) ਮਾਂ ਦੀ ਬਿਪਤਾ ਦਾ

(ਸ) ਜਾਇਦਾਦ ਕਵਿਤਾ ਵਿੱਚ ਕਿਸ ਨੂੰ ਆਪਣਾ ਪੱਖ ਪੇਸ ਕਰਨ ਦਾ ਮੌਕਾ ਨਹੀ ਮਿਲਦਾ ਹੈ ? 1

(i) ਮਰਦ ਨੂੰ (ii) ਇਸਤਰੀ ਨੂੰ

(iii) ਆਸ਼ਕ ਨੂੰ (iv) ਕਿਸੇ ਨੂੰ ਵੀ ਨਹੀਂ

**4.** ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ***ਇੱਕ*** ਦਾ ਸਾਰ ਲਿਖੋ : 7

(ੳ) ਮਲਕ ਭਾਗੋ ਤੇ ਭਾਈ ਲਾਲੋ

(ਅ) ਬਾਬੇ ਵਰਿਆਮੇ ਦੀ ਦਿੱਬ ਦ੍ਰਿਸ਼ਟੀ

(ੲ) ਸਾਡੇ ਲੋਕਗੀਤ

**5.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਸ਼ੀਸ਼ੇ ਸਾਹਮਣੇ' ਲੇਖ ਦੇ ਲੇਖਕ ਦੇ ਖਾਣ-ਪੀਣ, ਸੌਣ ਤੇ ਪਹਿਰਾਵੇ ਬਾਰੇ ਤੁਸੀਂ ਕੀ ਜਾਣਦੇ ਹੋ। 3

(ਅ) ਲੇਖਕ ਨੇ ਯੂਰਪ ਦੀਆਂ ਜਮਾਤਾਂ ਦੇ ਸਭਿਆਚਾਰਕ ਪੱਧਰ ਬਾਰੇ ਕੀ ਸਿੱਟਾ ਕੱਢਿਆ ਹੈ? (ਸਭਿਅਤਾ ਦੇ ਦੋ ਪੱਧਰ ਅਧਾਰ ਤੇ) 2

(ੲ) ਇਤਿਹਾਸ ਲਿਖਣ ਲਈ ਲੋਕਗੀਤਾਂ ਦਾ ਅਧਿਐਨ ਕਿਉਂ ਜਰੂਰੀ ਹੈ? 2

(ਸ) ਏਵੀਆਂ ਚਸ਼ਮੇ ਦਾ ਪਾਣੀ ਕਿਸ ਬਿਮਾਰੀ ਲਈ ਲਾਭਦਾਇਕ ਹੈ? 1

(i) ਗੁਰਦਿਆਂ ਦੀ

(ii) ਜਿੱਗਰ ਦੀ

(iii) ਦਿੱਲ ਦੀ

(iv) ਫੇਫੜਿਆਂ ਦੀ

**6.** 'ਸ਼ੋਭਾ ਸ਼ਕਤੀ' ਨਾਟਕ ਦਾ ਵਿਸ਼ਾ ਵਸਤੂ ਕੀ ਹੈ? ਵਿਆਖਿਆ ਕਰੋ। 7

**ਜਾਂ**

ਸ਼ੋਭਾ ਸ਼ਕਤੀ ਨਾਟਕ ਦਾ ਉਦੇਸ਼ ਕੀ ਹੈ? ਵਿਆਖਿਆ ਕਰੋ।

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਰਮੇਸ ਸ਼ੋਭਾ ਨੂੰ ਕਿਸ ਤਰ੍ਹਾਂ ਰਖਣਾ ਚਾਹੁੰਦਾ ਸੀ? 3

(ਅ) ਸ਼ੋਭਾ ਦੇ ਚਰਿੱਤਰ ਦੇ ਕੋਈ ਦੋ ਗੁਣ ਦੱਸੋ? 2

(ੲ) ਸ਼ੋਭਾ ਘਰ ਦਾ ਤਿਆਗ ਕਰਕੇ ਕਿੱਥੇ ਚਲੀ ਜਾਂਦੀ ਹੈ? 2

(ਸ) ਸ਼ੋਭਾ ਸਕਤੀ ਨਾਟਕ ਕਦੋਂ ਲਿਖਿਆ ਗਿਆ? 1

(i) 1960 (ii) 1962

(iii) 1964 (iv) 1966

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿੱਚੋ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾ ਬਾਰੇ ਜਾਣਕਾਰੀ ਦਿਉ : 7

(ੳ) ਬੁੱਲੇ ਸ਼ਾਹ

(ਅ) ਸ਼ਾਹ ਮੁਹੰਮਦ

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ : 1

(i) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਸ ਨੇ ਕੀਤੀ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅਰਜਨ ਦੇਵ ਜੀ

(ੲ) ਭਾਈ ਗੁਰਦਾਸ ਜੀ (ਸ) ਭਾਈ ਨੰਦ ਲਾਲ ਜੀ

(ii) ਭਾਈ ਲਾਲੋ ਕਿਸ ਵਰਣ ਜਾ ਜਾਤੀ ਨਾਲ ਸੰਬੰਧਿਤ ਸੀ? 1

(ੳ) ਖਤਰੀ

(ਅ) ਸ਼ੂਦਰ

(ੲ) ਵੈਸ਼

(ਸ) ਬ੍ਰਾਹਮਣ

(iii) ਦਮੋਦਰ ਨੇ ਆਪਣਾ ਕਿੱਸਾ ਕਿਹੜੀ ਬੋਲੀ (ਭਾਸ਼ਾ) ਵਿੱਚ ਲਿਖਿਆ ਹੈ ? 1

(ੳ) ਝਾਂਗੀ (ਲਹਿਦੀ) ਵਿੱਚ

(ਅ) ਪੋਠੋਹਾਰੀ ਵਿੱਚ

(ੲ) ਮਾਝੀ ਵਿੱਚ

(ਸ) ਦੁਆਬੀ ਵਿੱਚ

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇੱਕ ਵਾਕ*** ਵਿੱਚ ਲਿਖੋ : $1 \times 10 = 10$

(ੳ) ਪੰਜਾਬੀ ਵਿੱਚ ਸਭ ਤੋਂ ਵਧ ਕਹਾਣੀਆਂ ਕਿਸ ਨੇ ਲਿਖਿਆ ?

(ਅ) ਪੰਜਾਬੀ ਕਾਵਿ ਵਿੱਚ ਫ਼ਰਮੀ ਕਵੀ ਕਿਸ ਨੂੰ ਕਿਹਾ ਜਾਂਦਾ ਹੈ ?

(ੲ) ਖੁਲ੍ਹੀ ਕਵਿਤਾ ਲਿਖਣ ਦਾ ਮੋਢੀ ਕਵੀ ਕੌਣ ਹੈ ?

(ਸ) ਆਧੁਨਿਕ ਪੰਜਾਬੀ ਰੰਗਮੰਚ ਦਾ ਜਨਮਦਾਤਾ ਕਿਸ ਨੂੰ ਕਿਹਾ ਜਾਂਦਾ ਹੈ ?

(ਹ) 'ਕਣਕ ਦੀ ਬੱਲੀ' ਨਾਟਕ ਕਿਸ ਦੀ ਰਚਨਾ ਹੈ ?

(ਕ) ਪ੍ਰੋ. ਮੋਹਨ ਸਿੰਘ ਦਾ ਦੇਹਾਂਤ ਕਦੋਂ ਹੋਇਆ ਸੀ ?

(ਖ) ਪ੍ਰਿੰ. ਸੰਤ ਸਿੰਘ ਸੇਖੋਂ ਦਾ ਜਨਮ ਕਦੋਂ ਹੋਇਆ ਸੀ ?

(ਗ) 'ਫਾਲਤੂ ਔਰਤ' ਕਹਾਣੀ ਸੰਗ੍ਰਹਿ ਕਿਸ ਦੀ ਰਚਨਾ ਹੈ ?

(ਘ) ਪੰਜਾਬੀ ਵਿੱਚ ਜੌਹਨਕੀਟਸ ਦੀ ਉਪਾਧੀ ਕਿਸ ਕਵੀ ਨੂੰ ਮਿਲੀ ਹੈ ?

(ਙ) ਪ੍ਰਿੰ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਦੱਸੋ ?

**11.** ਹੇਠ ਲਿਖਿਆ ਸਿੱਖਿਆਵਾਂ ਵਿੱਚੋ ਕਿਸੇ ***ਇੱਕ*** ਸਿੱਖਿਆ ਤੇ ਅਧਾਰਿਤ ਕਹਾਣੀ ਲਿਖੋ : 5

(ੳ) ਦੂਜਿਆ ਦੀਆ ਗੱਲਾਂ ਵਿੱਚ ਨਾ ਆਓ

(ਅ) ਈਮਾਨਦਾਰੀ ਦਾ ਫਲ ਮਿੱਠਾ ਹੁੰਦਾ ਹੈ।

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਢੁਕਵੇਂ ਸਿਰਲੇਖ ਸਹਿਤ ਲਿਖੋ : 5

ਕਿਰਤ ਕਰਨਾ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਅੰਗ ਹੈ। ਉਸ ਦੇ ਜੀਵਨ ਦਾ ਬਹੁਤ ਵੱਡਾ ਹਿੱਸਾ ਕੰਮ ਕਰਨ ਵਿੱਚ ਗੁਜ਼ਰਦਾ ਹੈ। ਕੰਮ ਕਰਨਾ ਉਸ ਦੇ ਜੀਵਨ ਦਾ ਵੱਡਾ ਆਹਰ ਹੀ ਨਹੀਂ, ਸਗੋ ਵੱਡੀ ਅਵਸ਼ਕਤਾ ਵੀ ਹੈ। ਉਸ ਦੇ ਜੀਵਨ ਦਾ ਅਧਿਕਤਮ ਭਾਗ ਕੰਮ ਅਤੇ ਆਰਾਮ ਵਿੱਚ ਵੰਡਿਆ ਹੋਇਆ ਹੈ। ਆਰਾਮ ਅਤੇ ਵਿਹਲ ਦੇ ਸਮੇਂ ਵੀ ਅਸੀਂ ਕੰਮ ਕਰਦੇ ਹਾਂ। ਕੇਵਲ ਪੂਰਨ ਅਰਾਮ ਤੇ ਨੀਂਦਰ ਦੀ ਹਾਲਤ ਵਿੱਚ ਹੀ ਸਾਨੂੰ ਕੋਈ ਕੰਮ ਨਹੀਂ ਕਰਨਾ ਪੈਂਦਾ ਹੈ। ਜਰ੍ਹਾ ਗਹੁ ਨਾਲ ਦੇਖਿਆ ਜਾਵੇ ਤਾਂ ਕੰਮ ਕਰਨਾ ਹੀ ਜਿੰਦਗੀ ਹੈ। ਅਰਥਾਤ ਗਤੀ ਤੋਂ ਹਰਕਤ ਹੀ ਜੀਵਨ ਦਾ ਚਿੰਨ੍ਹ ਹੈ। ਬੇ-ਹਰਕਤ ਪਦਾਰਥ ਅਤੇ ਨਿਰਜਿੰਦ ਮਾਦਾ ਵਿੱਚ ਜੀਵਨ ਨਹੀਂ ਗਿਣਿਆ ਜਾ ਸਕਦਾ ਹੈ? ਮਨੁੱਖੀ ਜੀਵਨ ਦੀ ਗਤੀਸ਼ੀਲਤਾ, ਕੰਮਕਾਜਾਂ ਨਾਲ ਓਤਪੋਤ ਹੈ। ਅਤੇ ਇਹੀ ਉਸਦੀ ਪ੍ਰਗਤੀ ਦੇ ਪ੍ਰਤੀਕ ਅਤੇ ਪ੍ਰਮਾਣ ਹਨ।

**CLASS : 12th (Sr. Secondary)** **Code No. 4332**

**Series : SS-M/2019**

ਰੋਲ ਨੰ. | | | | | | | | | | |

***SET : D***

# ਪੰਜਾਬੀ

## PUNJABI

### *ACADEMIC/OPEN*

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਸਾਵੇ ਸਾਵੇ ਘਾਹ ਉੱਤੇ,
ਗਊਆਂ ਤੇ ਮੱਝੀਆਂ ਦਾ ਚਰਨਾਂ
ਸਿਰ ਆਪਣੇ ਨੀਵੇਂ ਕੀਤੇ,
ਪਸ਼ੂਆਂ ਦਾ ਚੁਪ ਚਪੀਤੇ,
ਚੁਗਣਾ ਤੇ ਰੱਜਣਾ ਤੇ ਨੱਸਣਾ।
ਦੇਖ ਦੇਖ ਮੁੜ ਮੁੜ ਲੋਚਾ,
ਮੈਂ ਮੁੜ ਪਸ਼ੂ ਥੀਣ ਨੂੰ,
ਆਦਮੀ ਬਣ ਬਣ ਥੱਕਿਆ।

(ਅ) ਸੰਕਾ, ਝਿਜਕ, ਨਿਰਾਸਾ, ਨ੍ਹੇਰਾ
ਅੰਜਕਲ ਕਾਫਲੇ ਵਾਲੇ ਕਿੰਜ ਉਪਰਾਮ ਜੇਹੇ ਨੇ
ਸੀਨੇ ਖਿੱਚ ਕਿਸੇ ਮੰਜ਼ਲ ਦੀ
ਦਿਲ ਵਿੱਚ ਕੋਈ ਪੁਕਾਰ ਨਹੀ ਹੈ
ਹੋਰ ਕਿਸੇ ਰਾਹਜਨ ਦਾ ਡਰ ਇਕ ਪਾਸੇ
ਆਪੋ ਵਿੱਚ ਇਤਬਾਰ ਨਹੀਂ ਹੈ
ਜੰਗਲ ਦੇ ਵਿੱਚ ਰਾਤ ਪਈ ਹੈ।

**2.** ਹੇਠ ਲਿਖਿਆ ਕਵਿਤਾਵਾਂ ਵਿੱਚੋਂ ਕਿਸੇ ***ਇੱਕ*** ਦਾ ਸਾਰ ਲਿਖੋ : 7

(ੳ) ਟੁਕੜੀ ਜਗ ਤੋਂ ਨਯਾਰੀ

(ਅ) ਅੰਨ ਦਾਤਾ

(ੲ) ਪਦਮਾ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਜਾਇਦਾਦ' ਕਵਿਤਾ ਵਿੱਚ ਆਸ਼ਕ ਦ੍ਰਿੜਤਾ ਨਾਲ ਕੀ ਸੋਚਦਾ ਹੈ? 2

(ਅ) ਹੁਣ ਘਰਾਂ ਨੂੰ ਪਰਤਣਾ ਸੌਖਾ ਨਹੀਂ। ਕਿਉਂ? 2

(ੲ) ਚਿੜੀਆਂ ਦਾ ਚੰਬਾ ਕਵਿਤਾ ਕਿਸ ਦੀ ਰਚਨਾ ਹੈ? 1

(i) ਪਾਸ

(ii) ਸੁਰਜੀਤ ਪਾਤਰ

(iii) ਬਾਵਾ ਬਲਵੰਤ

(iv) ਜਗਤਾਰ

(ਸ) 'ਕੰਡਿਆਲੀ ਥੋਰ੍ਹ' ਕਵਿਤਾ ਵਿੱਚ ਕਿੱਸ ਗੱਲ ਦਾ ਸਿਖਰ ਦਿਖਾਈ ਦਿੰਦਾ ਹੈ। 1

(i) ਵਾਧੂ ਬੰਦੇ ਦਾ

(ii) ਸੰਘਣੀ ਉਪਮਾ ਰਚਨਾਵਾਂ ਦਾ

(iii) ਸਾਮਾਜਿਕ ਵਿਵਸਥਾ ਦੇ ਕਹਿਰ ਦਾ

(iv) ਕੰਡਿਆਲੇ ਜੀਵਨ ਦਾ

**4.** ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ***ਇੱਕ*** ਦਾ ਸਾਰ ਲਿਖੋ : 7

(ੳ) ਘਰ ਵਿੱਚ ਹੀ ਗੁਰਿਆਈ

(ਅ) ਪਿਆਰ

(ੲ) ਸੁਇਟਜ਼ਰਲੈਂਡ ਦੀ ਯਾਤਰਾ

**5.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਡਾਕਟਰ ਜੀਤ ਸਿੰਘ ਸੀਤਲ ਦੇ ਲੇਖ 'ਸ਼ੀਸ਼ੇ ਸਾਹਮਣੇ' ਵਿੱਚੋਂ ਤੁਹਾਨੂੰ ਕੀ ਕੁੱਝ ਪਤਾ ਲਗਦਾ ਹੈ? 3

(ਅ) ਮਿਸਟਰ ਵੈਦਰ ਕਰਾਫਟ ਦੇ ਫਾਂਸੀ ਬਾਰੇ ਕੀ ਵਿਚਾਰ ਸੀ? 2

(ੲ) ਬਾਬੇ ਵਰਿਆਮੇ ਦੀ ਦਿੱਬ ਦ੍ਰਿਸਟੀ ਕਹਾਣੀ ਦਾ ਉਦੇਸ਼ ਕੀ ਹੈ? 2

(ਸ) ਲੋਕ 'ਕੁਰਾਹੀਏ' ਦਾ ਡੂੰਮ ਕਿਸ ਨੂੰ ਕਹਿੰਦੇ ਸਨ? 1

(i) ਮਰਦਾਨੇ ਨੂੰ

(ii) ਗੁਰੂ ਨਾਨਕ ਨੂੰ

(iii) ਭਾਈ ਲਾਲੋ ਨੂੰ

(iv) ਭਾਈ ਬਾਲੇ ਨੂੰ

**6.** 'ਸ਼ੋਭਾ ਸ਼ਕਤੀ' ਨਾਟਕ ਦਾ ਸਿਰਲੇਖ ਕਿਥੋਂ ਤੱਕ ਢੁਕਵਾਂ ਹੈ? ਦਲੀਲਾਂ ਦਿਉ। 7

**ਜਾਂ**

ਦੀਨ ਦਿਆਲ ਕਪੂਕ ਜਾਂ ਸ਼ਤੀਸ ਕਪੂਰ ਵਿੱਚੋਂ ਕਿਸੇ ਇੱਕ ਦਾ ਪਾਤਰ ਚਿੱਤਰਨ ਕਰੋ।

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਸ਼ੋਭਾ ਸਕਤੀ' ਨਾਟਕ ਵਿੱਚ ਇਸਤਰੀ ਨੂੰ ਕਿਹੜੇ ਤਿੰਨ ਰੂਪਾਂ ਵਿੱਚ ਪੇਸ ਕੀਤਾ ਗਿਆ ਹੈ? 3

(ਅ) ਰਮੇਸ ਤੇ ਸ਼ੋਭਾ ਦਾ ਤਲਾਕ ਕਿਉਂ ਹੋ ਜਾਂਦਾ ਹੈ? 2

(ੲ) 'ਸ਼ੋਭਾ ਸ਼ਕਤੀ' ਨਾਟਕ ਦੇ ਪਹਿਲੇ ਨਾਟ ਦਾ ਉਦੇਸ ਕੀ ਹੈ? 2

(ਸ) 'ਸ਼ੋਭਾ ਸਕਤੀ' ਨਾਟਕ ਵਿੱਚ ਨੌਕਰਾਣੀ ਕੌਣ ਹੈ? 1

(i) ਸ਼ੋਭਾ (ii) ਸਾਂਤੀ

(iii) ਲੀਲਾ (iv) ਰੇਖਾ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿੱਚੋਂ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾ ਬਾਰੇ ਜਾਣਕਾਰੀ ਦਿਉ : 7

(ੳ) ਗੁਰੂ ਨਾਨਕ ਦੇਵ ਜੀ

(ਅ) ਵਾਰਿਸ ਸ਼ਾਹ

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ :

(i) ਗੁਰਬਖ਼ਸ ਸਿੰਘ ਨੂੰ ਕਿਸ ਖੇਤਰ ਵਿੱਚ ਪ੍ਰਸਿਧੀ ਪ੍ਰਾਪਤ ਹੋਈ? 1

(ੳ) ਵਾਰਤਕ ਵਿੱਚ (ਅ) ਨਾਟਕ ਵਿੱਚ

(ੲ) ਨਾਵਲ ਵਿੱਚ (ਸ) ਕਵਿਤਾ ਵਿੱਚ

(ii) ਪੰਜਾਬੀ ਨਾਵਲ ਦਾ ਪਿਤਾਮਾ ਕਿਸ ਨੂੰ ਕਿਹਾ ਜਾਂਦਾ ਹੈ? 1

(ੳ) ਭਾਈ ਵੀਰ ਸਿੰਘ

(ਅ) ਨਾਨਕ ਸਿੰਘ

(ੲ) ਸੰਤ ਸਿੰਘ ਸੇਖੋਂ

(ਸ) ਅੰਮ੍ਰਿਤਾ ਪ੍ਰੀਤਮ

(iii) ਕਾਫਿ ਕਾਵਿ ਰੂਪ ਦੀ ਸਭ ਤੋਂ ਪਹਿਲਾ ਕਿਸਨੇ ਵਰਤੋਂ ਕੀਤੀ ਸੀ ? 1

(ੳ) ਬੁੱਲ੍ਹੇ ਸ਼ਾਹ

(ਅ) ਸ਼ੇਖ ਫਰੀਦ

(ੲ) ਸ਼ਾਹ ਹੁਸੈਨ

(ਸ) ਸੁਲਤਾਨ ਬਾਹੂ

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇੱਕ ਵਾਕ*** ਵਿੱਚ ਲਿਖੋ : $1 \times 10 = 10$

(ੳ) ਪੰਜਾਬੀ ਵਿੱਚ ਸਭ ਤੋਂ ਪਹਿਲਾ ਕਿਹੜਾ ਕਿੱਸਾ ਲਿਖਿਆ ਗਿਆ ?

(ਅ) ਭਾਈ ਵੀਰ ਸਿੰਘ ਨੇ ਕਿਸ ਮਹਾਕਾਵਿ ਦੀ ਰਚਨਾ ਕੀਤੀ ?

(ੲ) ਪ੍ਰੋ. ਪੂਰਨ ਸਿੰਘ ਦੇ ਕਿਸੇ ਇੱਕ ਪੰਜਾਬੀ ਕਾਵਿ ਸੰਗ੍ਰਹਿ ਦਾ ਨਾਮ ਦੱਸੋ ?

(ਸ) ਅੰਮ੍ਰਿਤਾ ਪ੍ਰੀਤਮ ਦਾ ਦੇਹਾਂਤ ਕਦੋਂ ਹੋਇਆ ਸੀ ?

(ਹ) ਪ੍ਰਿੰ. ਤੇਜਾ ਸਿੰਘ ਦਾ ਜਨਮ ਕਦੋਂ ਹੋਇਆ ?

(ਕ) ਆਈ० ਸੀ० ਨੰਦਾ ਦਾ ਪੂਰਾ ਨਾਂ ਦੱਸੋ ?

(ਖ) 'ਕਣਕ ਦੀ ਬੱਲੀ' ਨਾਟਕ ਕਿਸ ਦੀ ਰਚਨਾ ਹੈ।

(ਗ) ਸੰਤ ਸਿੰਘ ਸੇਖੋਂ ਦੇ ਕਿਸੇ ਇੱਕ ਨਾਟਕ ਦਾ ਨਾਂ ਦੱਸੋ ?

(ਘ) 'ਮਹਿਕ ਦੀ ਮੌਤ' ਕਹਾਣੀ ਸੰਗ੍ਰਹਿ ਕਿਸ ਦੀ ਰਚਨਾ ਹੈ ?

(ਙ) 'ਇੱਕ ਛਿੱਟ ਚਾਨਣ' ਦੀ ਕਾਹਾਣੀ ਸੰਗ੍ਰਹਿ ਕਿਸ ਦੀ ਰਚਨਾ ਹੈ ?

**11.** ਹੇਠ ਲਿਖਿਆ ਸਿੱਖਿਆਵਾਂ ਵਿੱਚੋ ਕਿਸੇ ***ਇੱਕ*** ਸਿੱਖਿਆ ਤੇ ਅਧਾਰਿਤ ਕਹਾਣੀ ਲਿਖੋ : 5

(ੳ) ਲੋੜ ਕਾਢ ਦੀ ਮਾਂ

(ਅ) ਦਾਖੇ ਹੱਥ ਨਾ ਅੱਪੜੇ, ਆਖੇ ਥੂਹ ਕੌੜੀ

(ੲ) ਸਹਿਜ ਪੱਕੇ ਸੋ ਮਿੱਠਾ ਹੋਏ।

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਢੁਕਵੇਂ ਸਿਰਲੇਖ ਸਹਿਤ ਲਿਖੋ : 5

ਨਕਲ ਦਾ ਇਕ ਕਾਰਨ ਤਾ ਇਹ ਹੈ ਕਿ ਪ੍ਰੀਖਿਆ ਪਾਸ ਕਰਕੇ ਕਿਸੇ ਨੌਕਰੀ ਨੂੰ ਪ੍ਰਾਪਤ ਕਰਨ ਦੀ ਆਸ ਲਾਈ ਜਾਂਦੀ ਹੈ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ। ਕੇਵਲ ਸਿਫਾਰਸੀਆਂ ਜਾ ਪੈਸਾ ਚੜ੍ਹਾਉਣ ਵਾਲਿਆ ਨੂੰ ਹੀ ਇਸ ਦਾ ਫਾਇਦਾ ਹੋ ਸਕਦਾ ਹੈ। ਬਾਕੀ ਬੇ-ਰੁਜਗਾਰੀ ਵਿੱਚ ਵਾਧਾ ਕਰਦੇ ਹਨ। ਇਸ ਦਾ ਦੂਜਾ ਕਾਰਨ ਵਿਦਿਆਰਥੀਆਂ ਦਾ ਪੜ੍ਹਾਈ ਵਲੋਂ ਸਾਰਾ ਸਾਲ ਲਾਪਰਵਾਹ ਰਹਿਣਾ ਹੈ। ਜਿਸ ਲਈ ਆਲੇ ਦੁਆਲੇ ਦਾ ਵਾਤਾਵਰਨ, ਮਾਪੇ ਤੇ ਅਧਿਆਪਕ ਸਾਰੇ ਹੀ ਜਿੰਮੇਵਾਰ ਹਨ। ਭ੍ਰਿਸਟਾਚਾਰ ਭਰਿਆ ਵਾਤਾਵਰਨ ਅਜਿਹੀ ਲਾਪਰਵਾਰੀ ਨੂੰ ਉਤਸ਼ਾਹ ਦਿੰਦਾ ਹੈ।